# ਵਾਸ਼ਿੰਗਟਨ ਪੋਸਟ ਵਿੱਚ ਇੱਕ ਸਟੋਰੀ 'ਤੇ ਮੀਡੀਆ ਦੇ ਸਵਾਲਾਂ ਦਾ ਸਰਕਾਰੀ ਬੁਲਾਰੇ ਵਲੋਂ ਜਵਾਬ

ਅਪ੍ਰੈਲ 30, 2024

**ਵਾਸ਼ਿੰਗਟਨ ਪੋਸਟ ਵਿੱਚ ਛਪੀ ਇੱਕ ਸਟੋਰੀ ਬਾਰੇ ਮੀਡੀਆ ਦੇ ਸਵਾਲਾਂ ਦੇ ਜਵਾਬ ਵਿੱਚ, ਸਰਕਾਰੀ ਬੁਲਾਰੇ, ਸ਼੍ਰੀ ਰਣਧੀਰ ਜੈਸਵਾਲ ਨੇ ਕਿਹਾ:**

"ਜਿਸ ਰਿਪੋਰਟ ਬਾਰੇ ਗੱਲ ਹੋ ਰਹੀ ਹੈ ਉਹ, ਇੱਕ ਗੰਭੀਰ ਮਾਮਲੇ 'ਤੇ ਅਣਉਚਿਤ ਅਤੇ ਅਜਿਹਾ ਦੋਸ਼ ਲਗਾਉਂਦੀ ਹੈ ਜੋ ਪ੍ਰਮਾਣਿਤ ਨਹੀਂ ਹੋਇਆ ਹੈ।

ਅਮਰੀਕੀ ਸਰਕਾਰ ਦੁਆਰਾ, ਸੰਗਠਿਤ ਅਪਰਾਧੀਆਂ, ਅੱਤਵਾਦੀਆਂ ਅਤੇ ਹੋਰਾਂ ਦੇ ਨੈੱਟਵਰਕ ਉੱਤੇ, ਸਾਂਝੀਆਂ ਕੀਤੀਆਂ ਸੁਰੱਖਿਆ ਚਿੰਤਾਵਾਂ 'ਤੇ ਗੌਰ ਕਰਨ ਵਾਸਤੇ, ਭਾਰਤ ਸਰਕਾਰ ਦੁਆਰਾ ਗਠਿਤ ਕੀਤੀ ਗਈ ਉੱਚ ਪੱਧਰੀ ਕਮੇਟੀ ਦੀ ਜਾਂਚ ਚੱਲ ਰਹੀ ਹੈ।

ਇਸ 'ਤੇ ਅਟਕਲਾਂ ਲਗਾਉਣਾ ਅਤੇ ਗੈਰ ਜ਼ਿੰਮੇਵਾਰਾਨਾ ਟਿੱਪਣੀਆਂ ਕਰਨਾ ਮਦਦਗਾਰ ਸਾਬਿਤ ਨਹੀਂ ਹੋਣ ਵਾਲਾ।"

**ਨਵੀਂ ਦਿੱਲੀ**
**ਅਪ੍ਰੈਲ 30, 2024**